# ਈਕੋਸਿਖ ਪਰੈਸ ਰਿਲੀਜ਼

- ਈਕੋਸਿੱਖ ਵਲੋਂ ਬਠਿੰਡਾ ਵਿਚ 'ਪਹਿਲਾ ਗੁਰੂ ਨਾਨਕ ਪਵਿੱਤਰ ਜੰਗਲ' ਬਣਾਇਆ ਗਿਆ
- ਹਵਾ ਪ੍ਰਦੂਸ਼ਣ ਦੀ ਬਿਪਤਾ ਦਾ ਸਾਹਮਣਾ ਕਰਨ ਲਈ 'ਬ੍ਰੀਦਿੰਗ ਪੰਜਾਬ' ਨਾਮ ਦੀ ਜਾਗਰੂਕਤਾ ਲਹਿਰ ਦੀ ਸ਼ੁਰੂਆਤ ਕੀਤੀ ਗਈ

14 ਮਾਰਚ, 2019

ਚੰਡੀਗੜ੍ਹ: ਈਕੋਸਿਖ ਸੰਸਥਾ ਵੱਲੋਂ , ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਮਨਾਉਂਦਿਆਂ ਬਠਿੰਡਾ ਵਿਚ ਪਹਿਲਾ "ਗੁਰੂ ਨਾਨਕ ਪਵਿੱਤਰ ਜੰਗਲ" ਲਗਾਇਆ ਗਿਆ। ਬਠਿੰਡਾ ਦੇ ਪਿੰਡ ਗਿੱਲ ਪਤੀਂ ਵਿੱਚ ਲਗੇ ਇਸ ਜੰਗਲ ਦੀ ਅਗਵਾਈ ਏਫੋਰਸਟ ਦੇ ਸੰਸਥਾਪਕ ਅਤੇ ਭਾਰਤ ਦੇ ਉਘੇ ਮਾਹਿਰ, ਸ਼ੁਭੇਂਦੂ ਸ਼ਰਮਾ ਵਲੋਂ ਕੀਤੀ ਗਈ। ਈਕੋਸਿੱਖ ਦੁਆਰਾ ਆਯੋਜਿਤ ਇਕ ਤਿੰਨ-ਰੋਜ਼ਾ ਕਾਰਜਸ਼ਾਲਾ ਵਿਚ, ਪੰਜਾਬ ਭਰ ਤੋ ਆਏ 100 ਤੋਂ ਵੱਧ ਸਿਖਿਆਰਥੀਆਂ ਨੂੰ ਜੰਗਲ ਲਗਾਉਣ ਦੀ ਮਿਆਵਾਕੀ ਵਿਧੀ ਸਿਖਾਈ ਗਈ। ਸ਼ੁਭੇਂਦੂ ਸ਼ਰਮਾ ਅਤੇ ਓਹਨਾ ਦੀ ਟੀਮ ਵਲੋਂ ਇਹ ਵਿਧੀ 100 ਵਰਗ ਮੀਟਰ ਜਗ੍ਹਾ ਵਿੱਚ 350 ਦਰੱਖਤ ਲਗਾਕੇ ਸਿਖਾਈ ਗਈ।

ਇਹ ਆਪਣੀ ਕਿਸਮ ਦੀ ਪਹਿਲਾ ਜੰਗਲ ਹੈ ਜੋਕਿ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਵਾਲੰਟੀਅਰਾਂ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਈਕੋਸਿਖ ਨੇ ਇਸ ਕਾਰਜ ਲਈ ਬਠਿੰਡਾ ਦਾਤਾਰ ਐਜੂਕੇਸ਼ਨਲ ਐਂਡ ਐਨਵਾਇਰਨਮੈਂਟਲ ਟਰੱਸਟ ਨਾਲ ਸਹਿਯੋਗ ਕੀਤਾ।

ਪ੍ਰੈਸ ਮੀਟ ਨੂੰ ਭਾਰਤ ਭਰ ਤੋਂ ਆਏ ਵਾਤਾਵਰਣ ਮਾਹਿਰਾਂ ਦੇ ਇੱਕ ਵਿਸ਼ੇਸ਼ ਪੈਨਲ ਦੁਆਰਾ ਸੰਬੋਧਿਤ ਕੀਤਾ ਗਿਆ। ਇਸ ਵਿਚ ਸ਼ੁਭੇਂਦੂ ਸ਼ਰਮਾ, 'ਏਫੋਰੇਸਟ' ਦੇ ਸੰਸਥਾਪਕ, ਸ਼ਾਮਲ ਸਨ, ਜਿਨ੍ਹਾਂ ਨੇ ਪੂਰੇ ਭਾਰਤ ਵਿਚ ਸ਼ਹਿਰੀ ਜੰਗਲਾਂ ਬਣਾਉਣ ਦੇ ਆਪਣੇ ਜਜ਼ਬੇ ਲਈ ਟੋਯੋਟਾ, ਜਪਾਨ ਦੀ ਸ਼ਾਨਦਾਰ ਨੌਕਰੀ ਛੱਡ ਦਿੱਤੀ। ਇਹਨਾ ਦੇ ਨਾਲ ਮੁੰਬਈ ਤੋਂ ਚਰਨ ਸਿੰਘ, ਈਕੋਸਿਖ ਫੋਰੇਸਟ ਕਰੀਏਟਰ, ਸੁਪਰੀਤ ਕੌਰ, ਕੋਮੀ ਪ੍ਰਧਾਨ ਈਕੋਸਿਖ, ਰਵਨੀਤ ਸਿੰਘ, ਈਕੋਸਿਖ ਪ੍ਰੋਜੇਕਟ ਮਨੇਜਰ, ਜੋਧਪੁਰ ਤੋਂ ਗੋਰਵ ਗੁਰਜਰ, ਏਫੋਰੇਸਟ ਜੰਗਲ ਟ੍ਰੀ ਮਾਹਰ, ਮੰਜੁਲਾ ਸੁਲੇਰਿਆ, ਡਾਇਰੇਕਟਰ ਪ੍ਰਸੰਨਚੇਤਸ ਫਾਊਂਡੇਸ਼ਨ, ਹਰਪ੍ਰੀਤ ਕੌਰ ਬੱਗਾ, ਈਕੋਸਿਖ ਬੋਰਡ ਮੈਂਬਰ (ਲੁਧਿਆਣਾ), ਇਬਾਦਤ ਸਿੰਘ, ਵ.ਪ, (ਓਪ੍ਸ), ਡਾਟਾਵਿੰਡ ਨੇ ਵੀ ਸ਼ਿਰਕਤ ਕੀਤੀ।

ਈਕੋਸਿੱਖ ਦੇ ਫੋਰੇਸਟ ਕਰੀਏਟਰ ਚਰਨ ਸਿੰਘ ਨੇ ਗੁਰੂ ਨਾਨਕ ਪਵਿੱਤਰ ਜੰਗਲ ਬਾਰੇ ਦਸਦਿਆਂ ਹੋਏ ਕਿਹਾ, "ਸਾਡੇ ਪਹਿਲੇ ਜੰਗਲ ਵਿੱਚ 33 ਵੱਖਰੀਆਂ ਮੂਲ ਕਿਸਮਾਂ ਦੇ ਰੁੱਖ ਹਨ ਅਤੇ ਇਹ ਪੰਜਾਬ ਦਾ ਪਹਿਲਾ ਮੀਆਂਵਕੀ ਜੰਗਲ ਵੀ ਹੈ। ਟ੍ਰੇਨਿੰਗ ਸੈਸ਼ਨਾਂ ਵਿਚ ਹਾਜ਼ਰ ਮੈਂਬਰਾਂ ਵੱਲੋਂ ਦਿਖਾਈ ਗਏ ਉਤਸ਼ਾਹ ਸਦਕਾ ਸਾਨੂੰ ਬਹੁਤ ਖੁਸ਼ੀ ਅਤੇ ਵਿਸ਼ਵਾਸ ਹੈ ਕਿ ਅਸੀਂ ਈਕੋਸਿੱਖ ਦੁਆਰਾ ਆਉਣ ਵਾਲੇ 550ਵੇਂ ਗਰਪੁਰਬ ਤੋਂ ਪਹਿਲਾਂ 10 ਲੱਖ ਰੁਖ ਦੇ ਟੀਚੇ ਤੋਂ ਵੀ ਵਧੇਰੇ ਰੁਖ ਲਗਾ ਸਕਾਂਗੇ।"

ਚਰਨ ਸਿੰਘ ਨੇ ਹੋਰ ਦਸਦਿਆਂ ਕਿਹਾ,"ਮੈਂ ਪੱਕਾ ਵਿਸ਼ਵਾਸ ਕਰਦਾ ਹਾਂ ਕਿ ਹਰ ਈਕੋਸਿੱਖ ਇੱਕ ਗੁਰੂ ਨਾਨਕ ਪਵਿੱਤਰ ਜੰਗਲ ਬਣਾ ਸਕਦਾ ਹੈ।"

ਸ਼ੁਭੰਡੂ ਸ਼ਰਮਾ ਜੋਕਿ 16 ਵੱਖੋ ਵੱਖਰੇ ਦੇਸ਼ਾਂ ਵਿਚ 132 ਜੰਗਲ ਲਗਾ ਚੁਕੇ ਹਨ, ਨੇ ਕਿਹਾ, "ਅਸੀਂ ਈਕੋਸਿੱਖ ਨਾਲ ਮਿਲ ਕੇ ਪੰਜਾਬ ਵਿਚ ਪਵਿੱਤਰ ਜੰਗਲ ਬਣਾਉਣ ਵਿਚ ਖੁਸ਼ੀ ਮਹਿਸੂਸ ਕਰਦੇ ਹਾਂ .ਪੰਜਾਬ ਅਤੇ ਉੱਤਰੀ ਭਾਰਤ ਦੇ ਹੋਰ ਹਿੱਸਿਆਂ ਨੂੰ ਗਰੀਨ ਕਵਰ ਦੀ ਬਹੁਤ ਜ਼ਰੂਰਤ ਹੈ. ਮਿੰਨੀ ਜੰਗਲਾਂ ਪੰਜਾਬ ਦੇ ਖਤਮ ਹੋ ਚੁੱਕੇ ਜੰਗਲੀ ਖਿਤੇ ਨੂੰ ਵਾਪਸ ਲਿਆਉਣ ਦਾ ਬਹੁਤ ਪ੍ਰਭਾਵਸ਼ਾਲੀ ਅਤੇ ਕੁਦਰਤੀ ਤਰੀਕਾ ਹੈ ਜਿਸ ਨਾਲ ਹਰ ਕੋਈ 200 ਵਰਗ ਮੀਟਰ ਥਾਂ ਵਿਚ 550 ਤੋਂ ਵੱਧ ਰੁਖ ਲਗਾ ਸਕਦਾ ਹੈ।ਇਹ ਜੰਗਲ 30 ਗੁਣਾ ਵੱਧ ਸੰਘਣੇ, 100 ਪ੍ਰਤੀਸ਼ਤ ਬਾਇਓ ਡਾਈਵਰਸ ਅਤੇ ਕੁਦਰਤੀ ਹਨ।ਇਹਨਾਂ ਜੰਗਲਾਂ ਵਿੱਚ 99% ਤੋਂ ਵੱਧ ਰੁਖ ਬਚੇ ਰਹਿੰਦੇ ਹਨ ਅਤੇ ਇਹਨਾ ਨੂੰ ਘੱਟੋ-ਘੱਟ ਦੇਖਭਾਲ ਦੀ ਲੋੜ ਹੁੰਦੀ ਹੈ।"

ਗੌਰਵ ਗੁਰਜਰ, ਜੰਗਲੀ ਟ੍ਰੀ ਮਾਹਿਰ, ਏਫੋਰੇਸਟ ਜੋਧਪੁਰ, ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ,"ਮੈਂ ਦੇਖਿਆ ਹੈ ਕਿ ਜੋ ਵੀ ਜੰਗਲ ਅੱਜ ਸਾਡੇ ਕੋਲ ਬਚੇ ਹੋਏ ਹਨ ਉਹ ਜਾਂ ਕਿਸੇ ਸਮਾਜਿਕ ਮਾਲਕੀਅਤ ਹੇਠ ਹਨ ਜਾਂ ਉਹਨਾ ਨੂੰ ਪਵਿੱਤਰ ਹੋਣ ਦਾ ਦਰਜਾ ਪ੍ਰਾਪਤ ਹੈ।ਇਹ ਬਹੁਤ ਵਧੀਆ ਹੈ ਕਿ ਈਕੋਸਿੱਖ ਨੇ ਪਵਿੱਤਰ ਜੰਗਲਾਂ ਦੇ ਸੰਕਲਪ ਨੂੰ ਮੁੜ ਸ਼ੁਰੂ ਕੀਤਾ ਹੈ ਜੋ ਦੇਸੀ ਅਤੇ ਬਾਇਓ ਡਾਇਵਰਸ ਹਨ।ਇਹ ਜੰਗਲ ਆਉਣ ਵਾਲੀਆਂ ਪੀੜੀਆਂ ਲਈ ਜੈਨੇਟਿਕ ਬੈਂਕਾਂ ਵਜੋਂ ਕੰਮ ਕਰਨਗੇ ਅਤੇ ਓਹਨਾ ਦੀ ਸਹਿ-ਹੋਂਦ ਅਤੇ ਬਚਾਅ ਨੂੰ ਯਕੀਨੀ ਬਣਾਉਣਗੇ। "

ਈਕੋਸਿੱਖ ਪ੍ਰੋਜੈਕਟ ਮੈਨੇਜਰ ਨੇ ਈਕੋਸਿੱਖ ਨੂੰ ਪੰਜਾਬ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਅਤੇ ਵਿਦੇਸ਼ਾਂ ਵਿਚ ਅਜਿਹੇ ਪਵਿੱਤਰ ਜੰਗਲਾਂ ਨੂੰ ਬਣਾਉਣ ਦੀ ਯੋਜਨਾ ਦਾ ਐਲਾਨ ਕੀਤਾ,"ਈਕੋਸਿੱਖ ਅਤੇ ਏਫੋਰੇਸਟ, ਪੰਜਾਬ ਵਿਚ ਜੰਗਲਾਂ ਨੂੰ ਮੁੜ ਸੁਰਜੀਤ ਕਰਨ ਅਤੇ ਜੰਗਲ-ਸਿਰਜਣਹਾਰਾਂ ਅਤੇ ਵਾਤਾਵਰਨ ਯੋਧਿਆਂ ਦੀ ਪੀੜ੍ਹੀ ਬਣਾਉਣ ਲਈ ਪੰਜਾਬ ਵਿਚ 10 ਅਜਿਹੀਆਂ ਵਰਕਸ਼ਾਪ ਲਗਾਉਣਗੇ। ਇਹ ਸਹੀ ਵਕਤ ਹੈ ਕਿ ਹੁਣ ਭਾਈਚਾਰਾ ਅੱਗੇ ਆਏ ਅਤੇ ਆਪਣੇ ਮਹਾਨ ਗੁਰੂ ਦੇ ਦੱਸੇ ਮਾਰਗ ਤੇ ਚਲਦਿਆਂ 10 ਲੱਖ ਰੁਖ ਲਗਾਏ।ਸਾਨੂੰ ਸੂਬੇ ਭਰ ਤੋਂ 40 ਤੋਂ ਵੱਧ ਜੰਗਲ ਲਗਾਉਣ ਪ੍ਰਸਤਾਵ ਹੁਣ ਤੱਕ ਮਿਲ ਚੁੱਕੇ ਹਨ।"

ਈਕੋਸਿੱਖ ਦੇ ਭਾਰਤ ਦੇ ਪ੍ਰਧਾਨ, ਸੁਪ੍ਰੀਤ ਕੌਰ ਨੇ ਅਮਰੀਕਾ ਅਧਾਰਿਤ 350.org ਸੰਸਥਾ ਦੇ ਸਹਿਯੋਗ ਨਾਲ ਹਵਾ ਪ੍ਰਦੂਸ਼ਣ 'ਤੇ ਨਵੀਨਤਮ ਜਾਗਰੂਕਤਾ ਪਹਿਲ “ ਬਰੀਦਿੰਗ ਪੰਜਾਬ” ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਲੁਧਿਆਣਾ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਹਵਾ ਪ੍ਰਦੂਸ਼ਣ' ਬਾਰੇ ਜਾਗਰੂਕਤਾ ਕੀਤਾ ਜਾਏਗਾ ਅਤੇ ਸ਼ਹਿਰ ਅਤੇ ਪੇਂਡੂ ਖੇਤਰਾਂ ਵਿੱਚ ਤੇਜ਼ੀ ਨਾਲ ਵਿਗੜਦੀ ਹਵਾ ਦੀ ਗੁਣਵੱਤਾ ਨਾਲ ਮੁਕਾਬਲਾ ਕਰਨਾ ਸਿਖਾਇਆ ਜਾਏਗਾ। "ਇਸ ਪ੍ਰਾਜੈਕਟ ਦਾ ਪ੍ਰਬੰਧ ਟ੍ਰਾਈਸਿਟੀ ਵਿਚ ਪ੍ਰਸੰਨਚੇਤਸ ਫਾਊਡੇਸ਼ਨ ਅਤੇ ਲੁਧਿਆਣਾ ਵਿਚ ਈਕੋਟੀਮ ਵੱਲੋਂ ਕੀਤਾ ਜਾਵੇਗਾ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਹਵਾ ਪ੍ਰਦੂਸ਼ਣ ਕਾਰਣ ਹਰੇਕ ਸਾਲ 80 ਲਖ ਲੋਕਾਂ ਦੀ ਮੌਤ ਹੁੰਦੀ ਹੈ , ਜਿਸ ਵਿੱਚ 6 ਲੱਖ ਛੋਟੀ ਉਮਰ ਦੇ ਬੱਚੇ ਵੀ ਸ਼ਾਮਲ ਹਨ । ਇਸ ਦੇ ਬਾਵਜੂਦ, ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਦੇਸ਼ਾਂ ਵੱਲੋਂ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਨਵੇਂ ਸ਼ੁਰੂ ਕੀਤੇ ਗਏ ਪ੍ਰਾਜੈਕਟਾਂ ਦੇ ਤਹਿਤ ਈਕੋਸਿੱਖ ਸੰਸਥਾ 350.ਗ਼ ਸੰਸਥਾ ਨਾਲ ਮਿਲਕੇ ਸਾਰੇ ਨਾਗਰਿਕਾਂ,ਵਿਸ਼ੇਸ਼ ਤੌਰ 'ਤੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਲਈ ਜਾਗਰੂਕਤਾ ਪੈਦਾ ਕਰਨ ਲਈ ਸੂਬਾ ਸਰਕਾਰ ਦੀ ਸਹਾਇਤਾ ਲਈ ਕੰਮ ਕਰੇਗੀ ।”

2018 ਵਰਲਡ ਏਅਰ ਕੁਆਲਿਟੀ ਰਿਪੋਰਟ ਅਨੁਸਾਰ ਪੰਜਾਬ ਦੇ ਛੇ ਸ਼ਹਿਰਾਂ ਮੰਡੀ ਗੋਬਿੰਦਗੜ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਖੰਨਾ ਅਤੇ ਹਰਿਆਣਾ ਦੇ ਪੰਜ ਸ਼ਹਿਰਾਂ ਗੁਰੂਗਰਮ, ਫਰੀਦਾਬਾਦ, ਜੀਂਦ, ਰੋਹਤਕ ਅਤੇ ਪੰਚਕੂਲਾ ਨੂੰ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਪੂਰੀ ਦੁਨੀਆ ਦੇ ਸ਼ਹਿਰਾਂ ਵਿੱਚ ਪੰਜਾਬ ਦਾ ਸ਼ਹਿਰ ਮੰਡੀ ਗੋਬਿੰਦਗੜ੍ਹ 26ਵੇਂ, ਅੰਮ੍ਰਿਤਸਰ 57ਵੇਂ, ਜਲੰਧਰ 82ਵੇਂ ਅਤੇ ਲੁਧਿਆਣਾ 95ਵੇਂ ਸਥਾਨ' ਤੇ ਹੈ ।

ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ

ਰਵਨੀਤ ਸਿੰਘ ਨੂੰ 998-837-3268 ਜਾਂ ਈਮੇਲ ਕਰੋ ravneet.singh@ecosikh.org

ਚਰਨ ਸਿੰਘ 982-105-3199 ਜਾਂ ਈਮੇਲ ਕਰੋ charan.singh@ecosikh.org